ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ
ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ



ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ

Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS

## ਟੋਰਾਂਟੋ ਪੁਲਿਸ ਵੱਲੋਂ 59 ਕਾਰ ਚੋਰ ਕਾਬੂ; 350 ਕਾਰਾਂ ਬਰਾਮਦ

ਵੈਨਕੂਵਰ, 3 ਨਵੰਬਰ, (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-ਟੋਰਾਂਟੋ ਪੁਲੀਸ ਵੱਲੋਂ ਕਾਰ ਚੋਰੀਆਂ ਵਿਰੁੱਧ ਵਿੱਢੀ ਮੁਹਿੰਮ ਤਹਿਤ 59 ਕਾਰ ਚੋਰ ਕਾਬੂ ਕਰ ਕੇ 350 ਕਾਰਾਂ ਬਰਾਮਦ ਕੀਤੀਆਂ ਗਈਆਂ ਹਨ। ਪਛਾਣ ਲੁਕੋਣ ਲਈ ਕਈ ਕਾਰਾਂ ਦੀ ਵੱਢ-ਟੁੱਕ ਕੀਤੀ ਹੋਈ ਸੀ ਅਤੇ ਕਈਆਂ ਨੂੰ ਜਾਅਲੀ ਦਸਤਾਵੇਜ਼ਾਂ ਦੇ ਅਧਾਰ 'ਤੇ ਅਸਲੀ ਪਲੇਟਾਂ ਲਾਈਆਂ ਗਈਆਂ ਸਨ। ਪੁਲੀਸ ਅਧਿਕਾਰੀਆਂ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਚੋਰਾਂ ਵੱਲੋਂ ਚੋਰੀ ਕਰ ਕੇ ਬੈਲਜੀਅਮ ਭੇਜੀਆਂ ਗਈਆਂ ਕਾਰਾਂ ਦਾ ਪਤਾ ਲਾ ਕੇ ਉੱਥੋਂ ਉਹ ਕਾਰਾਂ ਵਾਪਸ ਲਿਆਉਣ ਦੇ ਯਤਨ ਕੀਤੇ ਜਾ ਰਹੇ ਹਨ। ਪੁਲੀਸ ਅਧਿਕਾਰੀਆਂ ਅਨੁਸਾਰ ਚੋਰੀ ਦੀਆਂ ਕਈ ਕਾਰਾਂ ਦੇ ਵਿਨ ਨੰਬਰ ਬਦਲ ਕੇ ਜਾਅਲੀ ਕਾਗਜ਼ਾਤ ਤਿਆਰ ਕਰ ਕੇ ਰਜਿਸਟਰ ਕੀਤਾ ਗਿਆ ਸੀ। ਇਸ ਤੋਂ ਲੱਗਦਾ ਹੈ ਕਿ ਇਸ ਕੰਮ ਵਿੱਚ ਓਂਟਰੀਓ ਸੇਵਾਵਾਂ ਦੇ ਕੁਝ ਮੁਲਾਜ਼ਮ ਵੀ ਸ਼ਾਮਲ ਹੋ ਸਕਦੇ ਹਨ। ਉਨ੍ਹਾਂ ਦੱਸਿਆ ਕਿ ਵਿਨ ਅਜਿਹਾ ਨੰਬਰ ਹੈ ਜੋ ਵਿਸ਼ਵ ਪੱਧਰ 'ਤੇ ਕਿਸੇ ਹੋਰ ਨਾਲ ਮੇਲ ਨਹੀਂ ਖਾਂਦਾ ਹੈ ਪਰ ਚੋਰ ਅਤੇ ਉਨ੍ਹਾਂ ਦੇ ਸਹਿਯੋਗੀ ਨੰਬਰਾਂ ਦੀ ਭੰਨ੍ਹਤੋੜ ਕਰ ਕੇ ਕਾਰ ਨੂੰ ਨਵੀਂ ਪਲੇਟ ਲਵਾ ਕੇ ਚੋਰੀ ਦਾ ਸੁਰਾਗ ਮਿਟਾ ਦਿੰਦੇ ਸਨ, ਜਿਸ ਕਰ ਕੇ ਚੋਰੀ ਦੀਆਂ ਕਾਰਾਂ ਫੜਨਾ ਔਖਾ ਹੋਇਆ ਪਿਆ ਸੀ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਇਸ ਚੋਰ ਮੋਰੀ ਨੂੰ ਬੰਦ ਕਰਨ ਵਾਸਤੇ ਹੀ ਕਾਰ ਚੋਰਾਂ ਲਈ ਸਖ਼ਤ ਕਨੂੰਨ ਤਿਆਰ ਕੀਤਾ ਗਿਆ ਹੈ, ਜਿਸ ਦੇ ਪਾਸ ਹੋਣ ਤੋਂ ਬਾਅਦ ਚੋਰਾਂ ਨੂੰ ਲੰਬੇ ਸਮੇਂ ਤੱਕ ਜੇਲ੍ਹ ਵਿੱਚ ਰੱਖਣਾ ਅਤੇ ਜਾਅਲੀ ਦਸਤਾਵੇਜ਼ਾਂ ਦੇ ਅਧਾਰ 'ਤੇ ਰਜਿਸਟਰ ਕਰਨ ਵਾਲਿਆਂ ਨੂੰ ਇੱਕ ਲੱਖ ਡਾਲਰ ਦੇ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਜਿਹੜੇ 59 ਚੋਰ ਫੜੇ ਗਏ ਹਨ, ਉਨ੍ਹਾਂ ਵਿੱਚੋਂ ਕਈ ਤਾਂ ਪਹਿਲਾਂ ਹੀ ਚੋਰੀ ਦੇ ਕੇਸਾਂ ਵਿੱਚ ਜ਼ਮਾਨਤ 'ਤੇ ਹਨ।



## ਵੱਡੀ ਖੁਸ਼ਖਬਰੀ: ਹੁਣ ਮੁਫਤ ਹੋਣਗੇ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ



ਨਵੀਂ ਦਿੱਲੀ 3 ਨਵੰਬਰ (ਜਸਵਿੰਦਰ ਸਿੰਘ ਬਿੱਟਾ)- ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਤੋਂ ਪਹਿਲਾਂ ਪਾਕਿਸਤਾਨ ਤੋਂ ਨਾਮ ਲੇਵਾ ਸਿੱਖ ਸੰਗਤ ਲਈ ਵੱਡੀ ਖ਼ਬਰ ਆਈ ਹੈ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਦਾਅਵਾ ਹੈ ਕਿ ਹੁਣ ਸਿੱਖ ਸ਼ਰਧਾਲੂ ਬਿਨਾਂ ਵੀਜ਼ਾ ਫੀਸ ਦੇ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰ ਸਕਣਗੇ।

ਕਮੇਟੀ ਨੇ ਆਪਣੇ ਅਧਿਕਾਰਤ ਸੋਸ਼ਲ ਮੀਡੀਆ ਹੈਂਡਲ ਐਕਸ 'ਤੇ ਇਕ ਪੋਸਟ ਰਾਹੀਂ ਜਾਣਕਾਰੀ ਦਿੱਤੀ ਹੈ ਕਿ ਪਾਕਿਸਤਾਨ ਸਰਕਾਰ ਨੇ ਸ਼ਰਧਾਲੂਆਂ ਲਈ ਇਹ ਵੱਡਾ ਫੈਸਲਾ ਲਿਆ ਹੈ। ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ 20 ਡਾਲਰ ਪ੍ਰਤੀ ਸ਼ਰਧਾਲੂ ਦੀ ਵੀਜ਼ਾ ਫੀਸ ਲਈ ਜਾਂਦੀ ਹੈ। ਜੋ ਕਿ ਭਾਰਤੀ ਰੁਪਏ ਵਿੱਚ 16-17 ਸੌ ਰੁਪਏ ਹੈ। ਹੁਣ ਇਸ ਫੈਸਲੇ ਤੋਂ ਬਾਅਦ ਸ਼ਰਧਾਲੂਆਂ ਨੂੰ ਇਹ ਫੀਸ ਨਹੀਂ ਦੇਣੀ ਪਵੇਗੀ।ਦੱਸ ਦਈਏ ਕਿ ਹਾਲ ਹੀ ਵਿੱਚ ਭਾਰਤ ਅਤੇ ਪਾਕਿਸਤਾਨ ਨੇ ਕਰਤਾਰਪੁਰ ਸਾਹਿਬ ਲਾਂਘੇ ਨਾਲ ਸਬੰਧਤ ਸਮਝੌਤੇ ਨੂੰ ਅਗਲੇ 5 ਸਾਲਾਂ ਲਈ ਵਧਾਉਣ ਦਾ ਫੈਸਲਾ ਕੀਤਾ ਸੀ। ਸਾਲ 2019 ਵਿੱਚ, ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਇਮਰਾਨ ਖਾਨ ਦੀ ਅਗਵਾਈ ਵਾਲੀ ਪਾਕਿਸਤਾਨ ਦੀ ਤਤਕਾਲੀ ਸਰਕਾਰ ਨੇ ਲਾਂਘਾ ਖੋਲ੍ਹਣ ਦਾ ਫੈਸਲਾ ਕੀਤਾ ਸੀ। ਜਿਸ ਲਈ 20 ਡਾਲਰ ਫੀਸ ਰੱਖੀ ਗਈ ਸੀ। ਉਸ ਸਮੇਂ ਪਾਕਿਸਤਾਨ ਨੇ ਕਿਹਾ ਸੀ ਕਿ ਇਹ ਫੀਸ ਗੁਰੂ ਘਰ ਦੀ ਸੇਵਾ ਸੰਭਾਲ ਲਈ ਵਰਤੀ ਜਾਵੇਗੀ। ਸਿੱਖ ਸ਼ਰਧਾਲੂ ਇਸ ਫੀਸ ਨੂੰ ਖਤਮ ਕਰਨ ਦੀ ਮੰਗ ਕਰ ਰਹੇ ਸਨ। ਜਿਸ ਨੂੰ ਹੁਣ ਹਟਾ ਦਿੱਤਾ ਗਿਆ ਹੈ। ਪਾਕਿਸਤਾਨ ਨੂੰ ਉਮੀਦ ਹੈ ਕਿ ਫੀਸ ਖਤਮ ਹੋਣ ਨਾਲ ਵੱਡੀ ਗਿਣਤੀ 'ਚ ਸ਼ਰਧਾਲੂ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਆਉਣਗੇ।

## ਖੁੱਲ੍ਹਾ ਸੱਦਾ-ਪੱਤਰ

### ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ

ਲਹਿੰਦੇ ਪੰਜਾਬ ਦੇ ਸਕੂਲਾਂ ਵਿੱਚ ਪੰਜਾਬੀ ਵਿਸ਼ੇ ਨੂੰ ਲਾਗੂ ਕਰਨ ਦੀ ਖੁਸ਼ੀ ਵਿੱਚ ਮਾਂ-ਬੋਲੀ ਪੰਜਾਬੀ ਨੂੰ ਸਮਰਪਿਤ ਸਮਾਰੋਹ



ਮਰੀਅਮ ਨਿਵਾਜ ਸ਼ਰੀਫ
ਮੁੱਖ ਮੰਤਰੀ ਲਹਿੰਦਾ ਪੰਜਾਬ, ਪਾਕਿਸਤਾਨ



ਡਾ. ਦਲਬੀਰ ਸਿੰਘ ਕਥੂਰੀਆ
(ਚੇਅਰਮੈਨ)



ਚੌਧਰੀ ਅਮਜਦ ਅਲੀ ਜਾਵੇਦ
ਐਮ.ਪੀ. ਏ. ਪਾਕਿਸਤਾਨ

**3 ਨਵੰਬਰ 2024 ਦਿਨ ਐਤਵਾਰ ਸਮਾਂ 5 ਤੋਂ 8 ਵਜੇ ਸ਼ਾਮ**

ਸਥਾਨ:-
ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ, ਬਰੈਂਪਟਨ

ਉਡੀਕਵਾਨ
ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਸਮੁੱਚੀ ਟੀਮ

https://vishavpunjabisabha.in/ E-mail:vishvapunjabisabha2023@gmail.com
ਸੰਪਰਕ ਨੰ. +1 (416) 700-9100, (905) 531-8901, (416) 500-9131, (416) 666-1919 (437) 848-2526, (365) 778-2036

RE/MAX GOLD COAST REALTORS
RE/MAX GOLD
• FREE HOME EVALUATION • FREE VIRTUAL TOUR
• FREE STAGING CONSULTATION
(905) 673-8500
TeamGetSold@outlook.com
2720 N Park Dr Unit 50, Brampton, OW 188 DER
If You Are Satisfied With My Services, Don't Keep It A Secret. Thanks For Your Trust

HOMELIFE HIGHER STANDARDS
Homelife Silvercity Realty Inc., Brokerage
KANWAR BRAR
Broker
Direct: 416-737-4971
Office: 905.913.8500
Email: kanwarjitbrar@hotmail.com
11775 Bramalea Rd # 201, Brampton, Ontario L6R 3Z4
"Success Is Never Final"

AXLE Car Rental
Enjoy The Ride!
905.917.0818
We Provide: • Insurance Replacement Rental
• We Deal With All Insurance Companies
• All New Models of Cars, Suv's & Mini Vans
• Free Local Shuttle Service
axlecarrental@gmail.com
www.AxleCarRental.com
1365 Mid-Way Blvd. Unit 10, Mississauga, ON L5T 2J5

AMYRA ACADEMY
Hair & Esthetics
Our Courses
1 HAIR STYLING DIPLOMA
2 MEDICAL ESTHETICS DIPLOMA
905-399-6110 , 647-713-3133
amyraacademy@outlook.com www.amyraacademy.com
114 Kennedy Road Unit 2 Brampton Ontario, L6W 3E7
amyraacademy amyraacademy

AASHIRVAAD
AASHIRVAAD ATTA
Weight 20 Pond
Price $12.99
BRAMPTON CASH & CARRY

# ਵਿਦੇਸ਼ ਮੰਤਰਾਲੇ ਨੇ ਕੀਤੀ ਨਿੰਦਿਆਂ, ਕਿਹਾ-ਇਹ ਸਮਝੌਤੇ ਦੇ ਖਿਲਾਫ਼, ਇਸ ਨਾਲ ਹਾਲਾਤ ਹੋਰ ਵਿਗੜਨਗੇ

## 'ਕੈਨੇਡਾ ਵਿੱਚ ਡਿਪਲੋਮੈਟਾਂ 'ਤੇ ਨਿਗਰਾਨੀ' ਭਾਰਤ ਨੇ ਕਿਹਾ, ਇਹ ਕੂਟਨੀਤਕ ਨਿਯਮਾਂ ਦੇ ਮੁਤਾਬਕ ਨਹੀਂ ਹੈ

ਨਵੀਂ ਦਿੱਲੀ, 3 ਨਵੰਬਰ (ਜਸਵਿੰਦਰ ਸਿੰਘ ਬਿੱਟਾ)-ਵਿਦੇਸ਼ ਮੰਤਰਾਲੇ ਨੇ ਸ਼ਨੀਵਾਰ ਨੂੰ ਕਿਹਾ ਕਿ ਕੈਨੇਡੀਅਨ ਸਰਕਾਰ ਭਾਰਤੀ ਡਿਪਲੋਮੈਟਾਂ 'ਤੇ ਨਿਗਰਾਨੀ (ਜਾਸੂਸੀ) ਕਰ ਰਹੀ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਹਫਤਾਵਾਰੀ ਪ੍ਰੈੱਸ ਬ੍ਰੀਫਿੰਗ 'ਚ ਦੱਸਿਆ ਕਿ ਕੈਨੇਡਾ ਸਰਕਾਰ ਆਡੀਓ-ਵੀਡੀਓ ਰਾਹੀਂ ਭਾਰਤੀ ਡਿਪਲੋਮੈਟਾਂ 'ਤੇ ਨਜ਼ਰ ਰੱਖ ਰਹੀ ਹੈ। ਕੈਨੇਡਾ ਸਰਕਾਰ ਨੇ ਭਾਰਤੀ ਕੌਂਸਲੇਟ ਦੇ ਕੁਝ ਅਧਿਕਾਰੀਆਂ ਨੂੰ ਸੂਚਿਤ ਕੀਤਾ ਸੀ ਕਿ ਉਨ੍ਹਾਂ ਦੀ ਆਡੀਓ ਅਤੇ ਵੀਡੀਓ ਨਿਗਰਾਨੀ ਕੀਤੀ ਜਾ ਰਹੀ ਹੈ, ਜੋ ਜਾਰੀ ਰਹੇਗੀ। ਬੁਲਾਰੇ ਨੇ ਕਿਹਾ ਕਿ ਸਾਡੇ ਡਿਪਲੋਮੈਟਾਂ ਦੀ ਗੱਲਬਾਤ ਵਿੱਚ ਵੀ ਵਿਘਨ ਪਾਇਆ ਗਿਆ। ਅਸੀਂ ਅਧਿਕਾਰਤ ਤੌਰ 'ਤੇ ਕੈਨੇਡਾ ਸਰਕਾਰ ਦਾ ਵਿਰੋਧ ਕੀਤਾ ਹੈ, ਕਿਉਂਕਿ ਅਸੀਂ ਇਨ੍ਹਾਂ ਕਾਰਵਾਈਆਂ ਨੂੰ ਕੂਟਨੀਤਕ ਅਤੇ ਕੌਂਸਲਰ ਸਮਝੌਤਿਆਂ ਦੀ ਉਲੰਘਣਾ ਮੰਨਦੇ ਹਾਂ।

ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਕੈਨੇਡੀਅਨ ਸਰਕਾਰ ਇਸ ਤੱਥ ਨੂੰ ਜਾਇਜ਼ ਨਹੀਂ ਠਹਿਰਾ ਸਕਦੀ ਕਿ ਉਹ (ਸਾਡੇ ਡਿਪਲੋਮੈਟਾਂ) ਤਕਨੀਕੀ ਦਾ ਹਵਾਲਾ ਦੇ ਕੇ ਪ੍ਰੇਸ਼ਾਨੀ ਅਤੇ ਧਮਕਾਉਣ ਵਿਚ ਲੱਗੇ ਹੋਏ ਹਨ। ਸਾਡੇ ਕੂਟਨੀਤਕ ਅਤੇ ਕੌਂਸਲਰ ਕਰਮਚਾਰੀ ਪਹਿਲਾਂ ਹੀ ਕੱਟੜਵਾਦ ਅਤੇ ਹਿੰਸਾ ਦੇ ਮਾਹੌਲ ਵਿੱਚ ਕੰਮ ਕਰ ਰਹੇ ਹਨ। ਕੈਨੇਡਾ ਦੀ ਇਹ ਕਾਰਵਾਈ ਸਥਿਤੀ ਨੂੰ ਹੋਰ ਵਿਗਾੜਦੀ ਹੈ ਅਤੇ ਸਥਾਪਤ ਕੂਟਨੀਤਕ ਨਿਯਮਾਂ ਅਤੇ ਅਭਿਆਸਾਂ ਦੇ ਅਨੁਕੂਲ ਨਹੀਂ ਹੈ। ਕੈਨੇਡੀਅਨ ਪੁਲਿਸ ਕਮਿਸ਼ਨਰ ਮਾਈਕ ਡੁਹਾਮ ਨੇ 14 ਅਕਤੂਬਰ ਨੂੰ ਇੱਕ ਪ੍ਰੈਸ ਕਾਨਫਰੰਸ ਵਿੱਚ ਦਾਅਵਾ ਕੀਤਾ ਸੀ ਕਿ ਕੈਨੇਡਾ ਵਿੱਚ ਭਾਰਤੀ ਡਿਪਲੋਮੈਟ ਅਤੇ ਅਧਿਕਾਰੀਆਂ ਨੇ ਆਪਣੇ ਅਹੁਦੇ ਦੀ ਦੁਰਵਰਤੋਂ ਕਰਦਿਆਂ ਗੁਪਤ ਰੂਪ ਵਿੱਚ ਭਾਰਤ ਸਰਕਾਰ ਲਈ ਸੂਚਨਾਵਾਂ ਇਕੱਠੀਆਂ ਕੀਤੀਆਂ ਹਨ। ਇਸ ਦੇ ਲਈ ਭਾਰਤੀ ਅਧਿਕਾਰੀਆਂ ਨੇ ਏਜੰਟਾਂ ਦੀ ਵਰਤੋਂ ਕੀਤੀ। ਇਹਨਾਂ ਵਿੱਚੋਂ ਕੁਝ ਏਜੰਟਾਂ ਨੂੰ ਭਾਰਤ ਸਰਕਾਰ ਨਾਲ ਕੰਮ ਕਰਨ ਦੀ ਧਮਕੀ ਦਿੱਤੀ ਗਈ ਸੀ।

ਭਾਰਤ ਵੱਲੋਂ ਇਕੱਠੀ ਕੀਤੀ ਜਾਣਕਾਰੀ ਦੀ ਵਰਤੋਂ ਦੱਖਣੀ ਏਸ਼ੀਆਈ ਲੋਕਾਂ ਨੂੰ ਨਿਸ਼ਾਨਾ ਬਣਾਉਣ ਲਈ ਕੀਤੀ ਜਾਂਦੀ ਹੈ। ਕੈਨੇਡਾ ਵਿੱਚ ਪੁਲਿਸ ਅਧਿਕਾਰੀਆਂ ਨੇ 16 ਅਕਤੂਬਰ ਨੂੰ ਦੋਸ਼ ਲਾਇਆ ਸੀ ਕਿ ਗੈਂਗਸਟਰ ਲਾਰੈਂਸ ਗਰੁੱਪ ਵੱਲੋਂ ਵੱਖਵਾਦੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ।

## ਟਰੂਡੋ ਸਰਕਾਰ 'ਤੇ ਇਲਜ਼ਾਮ

-ਕੈਨੇਡਾ ਸਰਕਾਰ ਨੇ ਦਿੱਤੀ ਜਾਣਕਾਰੀ, ਆਡੀਓ ਅਤੇ ਵੀਡੀਓ ਨਿਗਰਾਨੀ ਹੋ ਰਹੀ, ਇਹ ਜਾਰੀ ਰਹੇਗੀ।

-ਭਾਰਤ ਨੇ ਕਿਹਾ, ਇਹ ਹਾਲਾਤ ਨੂੰ ਹੋਰ ਵਿਗਾੜਨ ਵਾਲੀ ਕਾਰਵਾਈ ਹੈ, ਅਸੀਂ ਵਿਰੋਧ ਕਰਦੇ ਹਾਂ।



### LAC 'ਤੇ ਗਸ਼ਤ ਸ਼ੁਰੂ:

ਚੀਨ ਦੇ ਬਾਰੇ 'ਚ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਭਾਰਤ ਅਤੇ ਚੀਨ ਵਿਚਾਲੇ 21 ਅਕਤੂਬਰ 2024 ਨੂੰ ਫੌਜਾਂ ਦੀ ਵਾਪਸੀ ਦੇ ਅੰਤਿਮ ਪੜਾਅ 'ਤੇ ਸਹਿਮਤੀ ਬਣੀ ਸੀ, ਜਿਸ ਤੋਂ ਬਾਅਦ ਆਪਸੀ ਸਹਿਮਤੀ ਵਾਲੀਆਂ ਸ਼ਰਤਾਂ 'ਤੇ ਡੇਮਚੋਕ ਅਤੇ ਡੇਪਸਾਂਗ 'ਚ ਵੈਰੀਫਿਕੇਸ਼ਨ ਗਸ਼ਤ ਸ਼ੁਰੂ ਹੋ ਗਈ ਹੈ।

### ਕੈਨੇਡੀਅਨ ਸੰਸਦ ਵਿਚ ਦਿਵਾਲੀ ਸਮਾਰੋਹ ਰੱਦ ਹੋਣਾ ਦੁਖਾਂਦ

ਕੈਨੇਡਾ 'ਚ ਦੀਵਾਲੀ ਮਨਾਉਣ ਦੇ ਪ੍ਰੋਗਰਾਮ ਰੱਦ ਹੋਣ ਦੇ ਬਾਵਜੂਦ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਅਸੀਂ ਇਸ ਨਾਲ ਜੁੜੀਆਂ ਕੁਝ ਖਬਰਾਂ ਸੁਣੀਆਂ ਹਨ। ਬਹੁਤ ਦੁੱਖ ਦੀ ਗੱਲ ਹੈ ਕਿ ਉਥੋਂ ਦਾ ਮਾਹੌਲ ਇਸ ਪੱਧਰ ਤੱਕ ਪਹੁੰਚ ਗਿਆ ਹੈ। ਦਰਅਸਲ, ਕੈਨੇਡਾ ਦੀ ਸੰਸਦ ਪਾਰਲੀਮੈਂਟ ਹਿੱਲ ਵਿੱਚ ਦੀਵਾਲੀ ਦੇ ਜਸ਼ਨਾਂ ਨੂੰ ਰੱਦ ਕਰਨ ਦੀਆਂ ਖ਼ਬਰਾਂ ਸਾਹਮਣੇ ਆਇਆ ਸਨ। ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਭਾਰਤ ਨਾਲ ਚੱਲ ਰਹੇ ਕੂਟਨੀਤਕ ਰੁਕਾਵਟ ਦੇ ਵਿਚਕਾਰ ਦੀਵਾਲੀ ਦੇ ਜਸ਼ਨ ਰੱਦ ਕਰ ਦਿੱਤੇ ਗਏ ਹਨ।

### ਗੈਰ-ਕਾਨੂੰਨੀ ਪ੍ਰਵਾਸ ਨੂੰ ਰੋਕਾਂਗੇ

ਅਮਰੀਕਾ ਤੋਂ ਭਾਰਤੀਆਂ ਨੂੰ ਵਾਪਸ ਭੇਜਣ ਦੇ ਮੁੱਦੇ 'ਤੇ ਮੰਤਰਾਲੇ ਨੇ ਕਿਹਾ ਕਿ ਭਾਰਤ ਸਰਕਾਰ ਇਸ ਮੁੱਦੇ 'ਤੇ ਅਮਰੀਕਾ ਨਾਲ ਲਗਾਤਾਰ ਗੱਲਬਾਤ ਕਰਦੀ ਹੈ, ਜਿਸ ਦਾ ਉਦੇਸ਼ ਕਾਨੂੰਨੀ ਪ੍ਰਵਾਸ ਲਈ ਵਧੇਰੇ ਮੌਕੇ ਪੈਦਾ ਕਰਨਾ ਹੈ। ਉਮੀਦ ਹੈ ਕਿ ਅਸੀਂ ਅਮਰੀਕਾ ਦੇ ਨਾਲ ਗੈਰ-ਕਾਨੂੰਨੀ ਪ੍ਰਵਾਸ ਨੂੰ ਰੋਕਣ ਵਿੱਚ ਸਫਲ ਹੋਵਾਂਗੇ।

ਖੁਸ਼ਖਬਰੀ! ਖੁਸ਼ਖਬਰੀ! ਖੁਸ਼ਖਬਰੀ!
ਹੁਣ ਤੁਹਾਡੀ ਸੇਵਾ ਵਿੱਚ BRAMPTON CASH & CARRY
ਦੀ ਇੱਕ ਨਵੀਂ ਬਰਾਂਚ ਬਹੁਤ ਜਲਦ ਖੁੱਲ ਰਹੀ ਹੈ।
ਇਸ ਗੱਲ ਦਾ ਖੁਲਾਸਾ ਉਘੇ ਉਦਯੋਗਪਤੀ ਦਲਬੀਰ ਸਿੰਘ ਕਥੂਰੀਆ ਨੇ ਕੀਤਾ
3643 Portage Rd, Niagara Falls
416-700-9100

# ਗ੍ਰੈਜੂਏਟ ਵਰਗ ਨੂੰ ਪੀਐਮ ਇੰਟਰਨਲਸ਼ਿਪ ਕਰਨ ਦਾ ਮੌਕਾ

ਨਵੀਂ ਦਿੱਲੀ, 3 ਨਵੰਬਰ (ਜਸਵਿੰਦਰ ਸਿੰਘ ਬਿੱਟਾ)-ਹੁਣ ਤੱਕ ਇਕ ਲੱਖ 27 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਮੌਕੇ ਪ੍ਰਦਾਨ ਕਰਨ ਲਈ ਪ੍ਰਧਾਨ ਮੰਤਰੀ ਇੰਟਰਨਸ਼ਿਪ ਪ੍ਰੋਗਰਾਮ ਤਹਿਤ ਕੰਪਨੀਆਂ ਰਜਿਸਟਰਡ ਹੋ ਚੁੱਕੀਆਂ ਹਨ। ਇਨ੍ਹਾਂ ਵਿੱਚੋਂ, ਸਭ ਤੋਂ ਵੱਧ ਮੌਕੇ ਗ੍ਰੈਜੂਏਟ ਜਮਾਤ ਦੇ ਨੌਜਵਾਨਾਂ ਲਈ ਹਨ, ਜਿਨ੍ਹਾਂ ਕੋਲ ਕੁੱਲ 35,063 ਅਸਾਮੀਆਂ 'ਤੇ ਇੰਟਰਨਸ਼ਿਪ ਕਰਨ ਦਾ ਮੌਕਾ ਹੈ। ਸਭ ਤੋਂ ਘੱਟ 12ਵੀਂ ਪਾਸ ਹਨ, ਜਿਨ੍ਹਾਂ ਨੂੰ 8,826 ਅਸਾਮੀਆਂ 'ਤੇ ਮੌਕੇ ਦਿੱਤੇ ਜਾ ਰਹੇ ਹਨ। ਦੱਸ ਦਈਏ ਕਿ ਪਾਇਲਟ ਪ੍ਰੋਜੈਕਟ ਤਹਿਤ ਸਰਕਾਰ ਨੇ ਪਹਿਲੇ ਪੜਾਅ 'ਚ 1 ਲੱਖ 25 ਹਜ਼ਾਰ ਨੌਜਵਾਨਾਂ ਨੂੰ ਇੰਟਰਨਸ਼ਿਪ ਦੇਣ ਦਾ ਟੀਚਾ ਰੱਖਿਆ ਸੀ, ਪਰ ਕੰਪਨੀਆਂ ਇਸ ਤੋਂ ਵੀ ਜ਼ਿਆਦਾ ਅਸਾਮੀਆਂ 'ਤੇ ਇੰਟਰਨਸ਼ਿਪ ਦੇਣ ਲਈ ਆਈਆਂ ਹਨ। ਅਜਿਹੇ ਵਿੱਚ ਇਹ ਭਵਿੱਖ ਲਈ ਇੱਕ ਚੰਗਾ ਸੰਕੇਤ ਹੈ।



### ਗੁਰੂਗ੍ਰਾਮ ਤੀਜੇ ਨੋਇਡਾ ਅੱਠਵੇਂ ਨੰਬਰ 'ਤੇ

ਜੇਕਰ ਅਸੀਂ ਸ਼ਹਿਰਾਂ ਦੇ ਅਨੁਸਾਰ ਇੰਟਰਨਸ਼ਿਪ ਦੇ ਮੌਕੇ ਪ੍ਰਦਾਨ ਕਰਨ ਦੀ ਗੱਲ ਕਰੀਏ ਤਾਂ ਚੇਨਈ ਪਹਿਲੇ ਸਥਾਨ 'ਤੇ ਹੈ, ਜਿੱਥੇ ਕੰਪਨੀਆਂ ਨੇ 7875 ਅਸਾਮੀਆਂ 'ਤੇ ਇੰਟਰਨਸ਼ਿਪ ਪ੍ਰਦਾਨ ਕਰਨ ਲਈ ਰਜਿਸਟਰ ਕੀਤਾ ਹੈ। ਦੂਜੇ ਸਥਾਨ 'ਤੇ ਬੈਂਗਲੁਰੂ ਅਤੇ ਤੀਜੇ ਸਥਾਨ 'ਤੇ ਗੁਰੂਗ੍ਰਾਮ ਹੈ। ਅੱਠਵੇਂ ਨੰਬਰ 'ਤੇ ਗੌਤਮ ਬੁੱਧ ਨਗਰ (ਨੋਇਡਾ) ਹੈ। ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ ਨਾਲ ਜੁੜੇ ਸੂਤਰਾਂ ਦਾ ਕਹਿਣਾ ਹੈ ਕਿ ਪਹਿਲੇ ਪੜਾਅ ਵਿਚ ਚੰਗੀ ਗਿਣਤੀ ਵਿਚ ਕੰਪਨੀਆਂ ਇੰਟਰਨਸ਼ਿਪ ਪ੍ਰਦਾਨ ਕਰਨ ਲਈ ਅੱਗੇ ਆਈਆਂ ਹਨ, ਪਰ ਅਗਲੇ ਪੜਾਅ ਵਿਚ ਇੰਟਰਨਸ਼ਿਪ ਦੇ ਮੌਕਿਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋਵੇਗਾ। ਪੰਜ ਸਾਲਾਂ ਵਿੱਚ ਦੇਸ਼ ਦੀਆਂ ਚੋਟੀ ਦੀਆਂ 500 ਕੰਪਨੀਆਂ ਵਿੱਚ ਇੱਕ ਕਰੋੜ ਨੌਜਵਾਨਾਂ ਨੂੰ ਸਿਖਲਾਈ ਦੇ ਕੇ ਹੁਨਰਮੰਦ ਬਣਾਉਣਾ ਹੈ।

### ਬੈਂਕਿੰਗ, ਆਈ.ਟੀ., ਨਿਰਮਾਣ ਸਮੇਤ 25 ਸੈਕਟਰ ਸ਼ਾਮਲ ਹਨ

ਤੇਲ, ਗੈਸ ਅਤੇ ਊਰਜਾ ਖੇਤਰਾਂ ਨਾਲ ਸਬੰਧਤ ਕੰਪਨੀਆਂ ਨੌਜਵਾਨਾਂ ਨੂੰ ਇੰਟਰਨਸ਼ਿਪ ਦੇ ਮੌਕੇ ਪ੍ਰਦਾਨ ਕਰਨ ਵਿੱਚ ਸਭ ਤੋਂ ਅੱਗੇ ਹਨ। ਇਨ੍ਹਾਂ ਕੰਪਨੀਆਂ ਨੇ 29, 108 ਅਸਾਮੀਆਂ 'ਤੇ ਮੌਕੇ ਪ੍ਰਦਾਨ ਕੀਤੇ ਹਨ। ਇਸ ਤੋਂ ਬਾਅਦ ਦੂਜੇ ਸਥਾਨ 'ਤੇ ਆਟੋਮੋਬਾਈਲ ਸੈਕਟਰ 'ਚ 22,012 ਨੌਜਵਾਨਾਂ ਨੂੰ ਮੌਕਾ ਦਿੱਤਾ ਜਾ ਰਿਹਾ ਹੈ। ਇਸ ਤਰ੍ਹਾਂ ਨੌਜਵਾਨਾਂ ਨੂੰ ਕੁੱਲ 25 ਖੇਤਰਾਂ ਵਿੱਚ ਇੰਟਰਨਸ਼ਿਪ ਕਰਨ ਦਾ ਮੌਕਾ ਮਿਲਣ ਵਾਲਾ ਹੈ। ਇਸ ਵਿੱਚ ਫਾਰਮਾ, ਬੈਂਕਿੰਗ, ਆਈਟੀ ਅਤੇ ਸਾਫਟਵੇਅਰ ਵਿਕਾਸ, ਨਿਰਮਾਣ ਅਤੇ ਹੋਰ ਖੇਤਰ ਸ਼ਾਮਲ ਹਨ।

### ਪਹਿਲਾ ਪੜਾਅ 2 ਦਸੰਬਰ ਤੋਂ ਸ਼ੁਰੂ ਹੋਵੇਗਾ

ਇੰਟਰਨਸ਼ਿਪ ਲਈ ਚੁਣੇ ਗਏ ਨੌਜਵਾਨਾਂ ਨੂੰ 8 ਤੋਂ 25 ਨਵੰਬਰ ਤੱਕ ਆਫਰ ਲੈਟਰ ਭੇਜੇ ਜਾਣਗੇ। ਇਸ ਤੋਂ ਬਾਅਦ 2 ਦਸੰਬਰ ਤੋਂ ਪਹਿਲੇ ਪੜਾਅ ਤਹਿਤ ਕੰਪਨੀਆਂ ਵਿੱਚ ਨੌਜਵਾਨਾਂ ਦੀ ਇੰਟਰਨਸ਼ਿਪ ਸ਼ੁਰੂ ਹੋਵੇਗੀ।

DISH
-Encompassing The Women's Horizons
ਐਸੋਸੀਏਸ਼ਨ ਆਫ਼ ਕੈਨੇਡੀਅਨ ਪੰਜਾਬੀ ਵੂਮੈਨ
ਵੱਲੋਂ
ਪੁਸਤਕ-ਗੋਸ਼ਟੀ
ਪੁਸਤਕ :'ਲੇਖ ਨਹੀਂ ਜਾਣੇ ਨਾਲ' (ਵਾਰਤਕ)
ਲੇਖਿਕਾ :ਬਲਜੀਤ ਰੰਧਾਵਾ
ਪਰਚੇ :ਡਾ ਕੁਲਦੀਪ ਕੌਰ ਪਾਹਵਾ, ਡਾ ਸੁਖਦੇਵ ਸਿੰਘ ਝੰਡ, ਸੁਰਜੀਤ ਕੌਰ, ਭੂਪਿੰਦਰ ਦੂਲੇ


ਪੁਸਤਕ-ਰਿਲੀਜ਼
ਪੁਸਤਕ : ਸੱਚ ਦੀ ਸਰਦਲ 'ਤੇ (ਤਿੰਨ ਹਿੰਦੀ ਨਾਟਕ)
ਪੰਜਾਬੀ ਅਨੁਵਾਦ : ਹੀਰਾ ਰੰਧਾਵਾ
ਵੀਚਾਰ ਚਰਚਾ : ਉਂਕਾਰਪ੍ਰੀਤ, ਰਛਪਾਲ ਕੌਰ ਗਿੱਲ
• ਮਿਤੀ : 9 ਨਵੰਬਰ, 2024 ਦਿਨ ਸ਼ਨੀਵਾਰ
• ਸਮਾਂ : ਸਵੇਰੇ 11:30 ਵਜੇ ਤੋਂ 2:30 ਵਜੇ
• ਸਥਾਨ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ, ਬਰੈਂਪਟਨ (ਦੱਖਣੀ)
ਪ੍ਰਧਾਨਗੀ : ਡਾ ਵਰਿਆਮ ਸਿੰਘ ਸੰਧੂ
ਵਿਸੇਸ਼ ਮਹਿਮਾਨ : ਸੁਰਿੰਦਰ ਨੀਰ (ਕਹਾਣੀਕਾਰਾ)
ਸਟੇਜ ਸੰਚਾਲਨ : ਡਾ ਕੰਵਲਜੀਤ ਕੌਰ ਢਿੱਲੋਂ
ਸਹਿਯੋਗੀ ਧਿਰ:
ਹੈਟਸ-ਅੱਪ
ਹੈਰੀਟੇਜ ਆਰਟਸ ਐਂਡ ਥੀਏਟਰ ਸੁਸਾਇਟੀ ਆਫ਼ ਯੂਨਾਈਟਡ ਪ੍ਰੋਡਕਸ਼ਨਜ਼
ਵਧੇਰੇ ਜਾਣਕਾਰੀ ਲਈ ਸੰਪਰਕ: 289-980-3255, 416-319-0551

AASHIRVAAD
AASHIRVAAD ATTA
Weight 20 Pond

Price $12.99
BRAMPTON CASH & CARRY

# ਅਮਰੀਕਾ ਇਲੈਕਸ਼ਨ ਵਿੱਚ ਉੱਥੋਂ ਦੇ ਚੋਣ ਕਮਿਸ਼ਨ ਤੇ ਆਪਣੀ ਸ਼ਾਖ ਬਚਾਉਣ ਦਾ ਦਬਾਅ

## 5 ਨਵੰਬਰ ਨੂੰ ਹੋਣ ਵਾਲੀ ਰਾਸ਼ਟਰਪਤੀ ਚੋਣ ਵਿੱਚ ਵੋਟਿੰਗ ਤੋਂ ਪਹਿਲਾ ਹੀ ਵਿਵਾਦ ਅਤੇ ਸਾਜਿਸ਼ ਦਾ ਸ਼ੱਕ ਪ੍ਰਗਟਾਇਆ ਜਾ ਰਿਹਾ ਹੈ, ਇਸ ਨੂੰ ਦੇਖ਼ਦੇ ਹੋਏ ਚੋਣ ਕਮਿਸ਼ਨ ਨੇ ਵੀ ਸਖ਼ਤ ਕੀਤੇ ਸੁਰੱਖਿਆ ਇੰਤਜ਼ਾਮ

ਫੀਨਿਕਸ 3 ਨਵੰਬਰ, (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-: ਅਮਰੀਕਾ 'ਚ ਇਸ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਨੂੰ ਹੁਣ ਤੱਕ ਦੀਆਂ ਸਭ ਤੋਂ ਨਜ਼ਦੀਕੀ ਚੋਣਾਂ ਦੱਸਿਆ ਜਾ ਰਿਹਾ ਹੈ। ਇਹ ਪਹਿਲਾਂ ਹੀ ਵਿਵਾਦਗ੍ਰਸਤ ਅਤੇ ਕਈ ਸ਼ੰਕਿਆਂ ਨਾਲ ਭਰਿਆ ਹੋਇਆ ਹਨ। ਸਮੁੱਚੀ ਚੋਣ ਪ੍ਰਕਿਰਿਆ 'ਤੇ ਵੀ ਸਵਾਲ ਉਠਾਏ ਜਾ ਰਹੇ ਹਨ। ਖ਼ਾਸ ਕਰਕੇ ਡੋਨਾਲਡ ਟਰੰਪ ਦੀ ਅਗਵਾਈ ਵਾਲੀ ਵਿਰੋਧੀ ਰਿਪਬਲਿਕਨ ਪਾਰਟੀ ਜਨਤਕ ਮੰਚਾਂ ਤੋਂ ਇਹ ਦੋਸ਼ ਲਾ ਰਹੀ ਹੈ ਕਿ ਉਨ੍ਹਾਂ ਦੇ ਵੋਟਰਾਂ ਨੂੰ ਵੋਟ ਪਾਉਣ ਤੋਂ ਰੋਕਣ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਇਸ ਦੌਰਾਨ ਅਮਰੀਕਾ ਦਾ ਚੋਣ ਕਮਿਸ਼ਨ ਵੀ ਇਸ ਸਥਿਤੀ ਨੂੰ ਦੇਖਦੇ ਹੋਏ ਚੌਕਸ ਹੈ ਅਤੇ ਆਪਣੇ ਆਪ 'ਤੇ ਉੱਠ ਰਹੇ ਸਵਾਲਾਂ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ। ਇੱਥੇ ਚੋਣ ਕਮਿਸ਼ਨ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਜਿਸ ਤਰ੍ਹਾਂ ਨਾਲ ਸੋਸ਼ਲ ਮੀਡੀਆ 'ਤੇ ਪ੍ਰਚਾਰ ਦੀਆਂ ਕਹਾਣੀਆਂ ਬਣਾਈਆਂ ਜਾ ਰਹੀਆਂ ਹਨ, ਉਨ੍ਹਾਂ ਲਈ 5 ਨਵੰਬਰ ਨੂੰ ਵੋਟਾਂ ਪੈਣਗੀਆਂ ਅਤੇ ਫਿਰ ਉਸਦੇ ਬਾਅਦ ਸੁਰੱਖਿਅਤ ਗਿਣਤੀ ਕਰਨਾ ਇੱਕ ਵੱਡੀ ਚੁਣੌਤੀ ਬਣ ਗਈ ਹੈ। ਅਮਰੀਕਾ ਦੇ ਸਭ ਤੋਂ ਵੱਡੇ ਜ਼ਿਲ੍ਹਿਆਂ ਵਿੱਚੋਂ ਇੱਕ ਕਾਉਂਟੀ ਇਲੈਕਸ਼ਨ ਮੈਨੇਜਮੈਂਟ ਦੇ ਮੁੱਖ ਸੂਚਨਾ ਅਧਿਕਾਰੀ ਨੈਟ ਯੰਗ ਨੇ ਮੰਨਿਆ ਕਿ 2020 ਦੀਆਂ ਰਾਸ਼ਟਰਪਤੀ ਚੋਣਾਂ ਦੀ ਦੌੜ ਵਿੱਚ ਹਾਲਾਤ ਬਦਲ ਗਏ ਹਨ। ਪੂਰੇ ਸਿਸਟਮ 'ਤੇ ਡੂੰਘੇ ਸਵਾਲ ਖੜ੍ਹੇ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਹੋਰ ਵੀ ਖ਼ਤਰਨਾਕ ਅਤੇ ਗੰਭੀਰ ਹੈ ਕਿਉਂਕਿ ਇਸ ਵਾਰ ਇਲਜ਼ਾਮ ਲਗਾਉਣ ਵਾਲੇ ਲੋਕ ਆਮ ਲੋਕ ਜਾਂ ਆਮ ਸੋਸ਼ਲ ਮੀਡੀਆ ਟ?ਰੋਲ ਨਹੀਂ ਹਨ, ਸਗੋਂ ਚੋਟੀ ਤੇ ਬੈਠੇ ਅਜਿਹੇ ਲੋਕ ਹਨ। ਜਿਨਾਂ ਇਸ਼ਾਰਾ ਰਿਪਬਲਿਕਨ ਉਮੀਦਵਾਰ ਡੋਨਾਲਡ ਟਰੰਪ ਅਤੇ ਸੋਸ਼ਲ ਮੀਡੀਆ ਕੰਪਨੀ ਐਕਸ ਦੇ ਮਾਲਕ ਅਲਾਨ ਮਸਕ ਵੱਲ ਹੈ। ਜੋ ਚੋਣ ਪ੍ਰਕਿਰਿਆ 'ਤੇ ਲਗਾਤਾਰ ਸਵਾਲ ਉਠਾ ਰਹੇ ਹਨ।

### ਕਈ ਸ਼ਿਕਾਇਤਾਂ ਆ ਰਹੀਆਂ ਹਨ

ਇਨ੍ਹਾਂ ਖਦਸ਼ਿਆਂ ਦਰਮਿਆਨ ਚੋਣ ਕਮਿਸ਼ਨ ਦੇ ਅਧਿਕਾਰੀਆਂ ਕੋਲ ਵੀ ਕਈ ਤਰ੍ਹਾਂ ਦੀਆਂ ਸ਼ਿਕਾਇਤਾਂ ਆ ਰਹੀਆਂ ਹਨ। ਰਿਪਬਲਿਕਨ ਪਾਰਟੀ ਦੀ ਸੀਨੀਅਰ ਨੇਤਾ ਲੀਜ਼ਾ ਨੇ ਦੱਸਿਆ ਕਿ ਮੈਂ 2022 ਦੀਆਂ ਮੱਧਕਾਲੀ ਚੋਣਾਂ ਵਿੱਚ ਵੋਟ ਪਾਈ ਸੀ, ਪਰ ਬਾਅਦ ਵਿਚ ਪਤਾ ਲੱਗਿਆ ਕਿ ਮੇਰਾ ਨਾਮ ਵੋਟ ਪਾਉਣ ਵਾਲਿਆਂ ਵਿੱਚ ਨਹੀਂ ਹੈ। ਅਜਿਹੀ ਸਥਿਤੀ ਵਿੱਚ ਮੈਂ ਕਿਵੇਂ ਵਿਸ਼ਵਾਸ ਕਰ ਸਕਦੀ ਹਾਂ?




ਕਹਿਣਾ ਹੈ ਕਿ ਮੈਂ ਆਪਣੇ ਲੋਕਾਂ ਨੂੰ ਵੋਟਾਂ ਵਾਲੇ ਦਿਨ ਪੂਰੀ ਤਰ੍ਹਾਂ ਚੌਕਸ ਰਹਿਣ ਲਈ ਕਿਹਾ ਹੈ।

### ਗਿਣਤੀ ਲਈ ਸੁਰੱਖਿਆ ਪ੍ਰਬੰਧ

2020 ਵਿੱਚ ਹੋਏ ਵਿਵਾਦ ਦਾ ਅਸਰ ਇਸ ਸਾਲ ਹੋਣ ਵਾਲੀਆਂ ਅਮਰੀਕੀ ਚੋਣਾਂ 'ਤੇ ਦੇਖਣ ਨੂੰ ਮਿਲ ਰਿਹਾ ਹੈ। ਚੋਣ ਕੰਮਾਂ ਵਿੱਚ ਲੱਗੇ ਅਧਿਕਾਰੀਆਂ ਨੇ ਮੰਨਿਆ ਕਿ ਇਸ ਵਾਰ ਮੁਲਾਜ਼ਮ ਆਪਣੀ ਸੁਰੱਖਿਆ ਨੂੰ ਲੈ ਕੇ ਚਿੰਤਤ ਹਨ। ਇਸ ਲਈ ਪ੍ਰਸ਼ਾਸਨ ਵੱਲੋਂ ਵੋਟਾਂ ਵਾਲੇ ਦਿਨ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਜਾ ਰਹੇ ਹਨ। ਚੋਣ ਕਮਿਸ਼ਨ ਦੇ ਅਧਿਕਾਰੀ ਨੈਟ ਯੰਗ ਨੇ ਦੱਸਿਆ ਕਿ ਕਰਮਚਾਰੀਆਂ ਨੂੰ ਤਣਾਅ ਤੋਂ ਬਾਹਰ ਕੱਢਣ ਲਈ ਹੀ ਕਾਊਂਸਲਿੰਗ ਕੀਤੀ ਜਾ ਰਹੀ ਹੈ। ਇਹੀ ਸਥਿਤੀ ਅਮਰੀਕਾ ਦੇ ਹੋਰ ਰਾਜਾਂ ਵਿੱਚ ਵੀ ਦੇਖਣ ਨੂੰ ਮਿਲ ਰਹੀ ਹੈ। ਨਾਲ ਹੀ, ਸੋਸ਼ਲ ਮੀਡੀਆ 'ਤੇ ਫੈਲਾਈਆਂ ਜਾ ਰਹੀਆਂ ਅਫਵਾਹਾਂ 'ਤੇ ਨਜ਼ਰ ਰੱਖਣ ਲਈ ਚੋਣ ਕਮਿਸ਼ਨ ਦੀ ਵਿਸ਼ੇਸ਼ ਟੀਮ ਹੈ। ਕਮਿਸ਼ਨ ਦੇ ਅਧਿਕਾਰੀਆਂ ਵੱਲੋਂ ਹਰ ਰੋਜ਼ ਅਜਿਹੀਆਂ ਕਈ ਗੰਭੀਰ ਅਫਵਾਹਾਂ ਦੀ ਜਾਣਕਾਰੀ ਐਫ.ਬੀ.ਆਈ ਨੂੰ ਦਿੱਤੀ ਜਾ ਰਹੀ ਹੈ।

### ਤਕਨਾਲੋਜੀ 'ਤੇ ਬਹਿਸ

ਅਮਰੀਕੀ ਚੋਣਾਂ ਵਿੱਚ ਤਕਨੀਕ ਦੀ ਵਰਤੋਂ ਨੂੰ ਲੈ ਕੇ ਵੀ ਗਰਮਾ-ਗਰਮ ਬਹਿਸ ਸ਼ੁਰੂ ਹੋ ਗਈ ਹੈ। ਚੋਣ ਕਮਿਸ਼ਨ ਦੇ ਅਧਿਕਾਰੀ ਨੈਟ ਯੰਗ ਨੇ ਕਿਹਾ ਕਿ ਇਹ ਸੱਚ ਹੈ ਕਿ ਜਿੱਥੇ ਅਸੀਂ ਲਗਾਤਾਰ ਤਕਨਾਲੋਜੀ ਵਿੱਚ ਸੁਧਾਰ ਦੇਖ ਰਹੇ ਹਾਂ, ਉੱਥੇ ਚੋਣ ਪ੍ਰਣਾਲੀ ਅਜੇ ਵੀ ਮੁਕਾਬਲਤਨ ਪਛੜੀ ਹੋਈ ਹੈ। ਦਰਅਸਲ, ਇਸ ਵਾਰ ਅਮਰੀਕਾ ਵਿਚ ਚੋਣ ਪ੍ਰਣਾਲੀ ਵਿਚ ਤਕਨਾਲੋਜੀ ਦੀ ਜ਼ਿਆਦਾ ਵਰਤੋਂ ਦੀ ਚਰਚਾ ਸੀ, ਪਰ ਪੈਦਾ ਹੋਏ ਵਿਵਾਦ ਨੇ ਇਸ ਸਬੰਧੀ ਕਦਮ ਰੋਕ ਦਿੱਤੇ ਹਨ।

### 2020 ਵਿੱਚ ਕੀ ਹੋਇਆ

2020 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਤੱਤਕਾਲੀ ਰਾਸ਼ਟਰਪਤੀ ਅਤੇ ਇਸ ਵਾਰ ਰਿਪਬਲਿਕਨ ਉਮੀਦਵਾਰ ਡੋਨਾਲਡ ਟਰੰਪ ਨੇ ਵੋਟਾਂ ਦੀ ਗਿਣਤੀ ਵਿੱਚ ਧਾਂਦਲੀ ਦਾ ਦੋਸ਼ ਲਾਇਆ ਸੀ। ਉਸਨੇ ਨਤੀਜਿਆਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਇਸਦੇ ਖਿਲਾਫ ਅਮਰੀਕੀ ਸੁਪਰੀਮ ਕੋਰਟ ਤੱਕ ਵੀ ਗਿਆ। ਟਰੰਪ ਨੇ ਦੋਸ਼ ਲਗਾਇਆ ਸੀ ਕਿ ਡੈਮੋਕ੍ਰੇਟ ਬਿਡੇਨ ਦੇ ਹੱਕ ਵਿੱਚ ਗਿਣਤੀ ਵਧਾ-ਚੜ੍ਹਾ ਕੇ ਕੀਤੀ ਗਈ ਸੀ। ਹਾਲਾਂਕਿ, ਕੋਵਿਡ ਦੇ ਕਾਰਨ ਉਸ ਸਮੇਂ ਕਈ ਸਾਵਧਾਨੀ ਦੇ ਉਪਾਅ ਵੀ ਕੀਤੇ ਗਏ ਸਨ। ਟਰੰਪ ਵੱਲੋਂ ਨਤੀਜਿਆਂ 'ਤੇ ਸਵਾਲ ਚੁੱਕਣ ਤੋਂ ਬਾਅਦ ਦੇਸ਼ ਭਰ 'ਚ ਚੋਣਾਂ ਤੋਂ ਬਾਅਦ ਹਿੰਸਾ ਵੀ ਦੇਖਣ ਨੂੰ ਮਿਲੀ।

### ਲੰਬਾ ਬੈਲਟ ਪੇਪਰ ਵਿਵਾਦ ਦਾ ਵਿਸ਼ਾ

ਇਸ ਵਾਰ ਅਮਰੀਕੀ ਚੋਣਾਂ 'ਚ ਵੋਟਿੰਗ ਲਈ ਬਣਾਏ ਗਏ ਲੰਬੇ ਬੈਲਟ ਪੇਪਰ ਵੀ ਵਿਵਾਦ ਦਾ ਵਿਸ਼ਾ ਬਣ ਗਏ ਹਨ। ਲੋਕਾਂ ਦਾ ਕਹਿਣਾ ਹੈ ਕਿ ਇਹ ਇੰਨਾ ਲੰਬਾ ਹੈ ਕਿ ਇਸ ਨੂੰ ਭਰਨ 'ਚ 30 ਮਿੰਟ ਦਾ ਸਮਾਂ ਲੱਗ ਰਿਹਾ ਹੈ। ਇਸ ਵਿੱਚ ਗਲਤੀ ਹੋਣ ਦੀ ਵੀ ਸੰਭਾਵਨਾ ਹੈ। ਕਈ ਦਹਾਕਿਆਂ ਬਾਅਦ ਇਸ ਵਾਰ ਅਮਰੀਕਾ ਦੇ ਜ਼ਿਆਦਾਤਰ ਰਾਜਾਂ ਵਿੱਚ ਅਜਿਹੇ ਲੰਬੇ ਬੈਲਟ ਪੇਪਰ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਕਾਰਨ ਇਹ ਵੀ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ 5 ਨਵੰਬਰ ਨੂੰ ਹੋਣ ਵਾਲੀਆਂ ਚੋਣਾਂ ਵਿੱਚ ਵੋਟਰਾਂ ਦੀਆਂ ਲੰਬੀਆਂ ਲਾਈਨਾਂ ਅਤੇ ਮੱਠਾ ਮਤਦਾਨ ਦੇਖਣ ਨੂੰ ਮਿਲ ਸਕਦਾ ਹੈ, ਜਿਸ ਕਾਰਨ ਵਿਵਾਦ ਵੀ ਪੈਦਾ ਹੋ ਸਕਦਾ ਹੈ।

# CJI ਪੰਜ ਦਿਨਾਂ ਵਿੱਚ ਦੇਣਗੇ 5 ਅਹਿਮ ਫੈਸਲੇ

ਨਵੀਂ ਦਿੱਲੀ, 3 ਨਵੰਬਰ (ਜਸਵਿੰਦਰ ਸਿੰਘ ਬਿੱਟਾ)- ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ 10 ਨਵੰਬਰ ਨੂੰ ਸੇਵਾਮੁਕਤ ਹੋ ਰਹੇ ਹਨ। ਉਨ੍ਹਾਂ ਕੋਲ ਸੁਪਰੀਮ ਕੋਰਟ ਵਿੱਚ ਸਿਰਫ਼ 5 ਕੰਮਕਾਜੀ ਦਿਨ ਬਚੇ ਹਨ। ਇਨ੍ਹਾਂ ਕੰਮਕਾਜੀ ਦਿਨਾਂ ਦੌਰਾਨ ਉਨ੍ਹਾਂ ਨੇ ਕਈ ਅਹਿਮ ਮੁੱਦਿਆਂ 'ਤੇ ਫੈਸਲਾ ਦੇਣਾ ਹੈ, ਜਿਨ੍ਹਾਂ 'ਚ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ (ਏ.ਐੱਮ.ਯੂ.) ਨੂੰ ਘੱਟ ਗਿਣਤੀ ਸੰਸਥਾ ਦਾ ਦਰਜਾ ਦੇਣ ਨਾਲ ਜੁੜਿਆ ਵਿਵਾਦ, ਮਦਰੱਸਾ ਕਾਨੂੰਨ ਦੀ ਵੈਧਤਾ, ਜਾਇਦਾਦ ਦੀ ਮੁੜ ਵੰਡ ਅਤੇ ਹੋਰ ਕਈ ਅਹਿਮ ਮੁੱਦੇ ਸ਼ਾਮਲ ਹਨ।

ਚੀਫ਼ ਜਸਟਿਸ ਸੇਵਾਮੁਕਤੀ ਤੋਂ ਪਹਿਲਾਂ ਜਿਨ੍ਹਾਂ ਮੁੱਦਿਆਂ 'ਤੇ ਆਪਣਾ ਫੈਸਲਾ ਦੇਣਗੇ, ਉਨ੍ਹਾਂ ਦਾ ਅਸਰ ਦੇਸ਼ ਦੀ ਰਾਜਨੀਤੀ 'ਤੇ ਹੀ ਨਹੀਂ ਸਗੋਂ ਆਮ ਲੋਕਾਂ ਦੀ ਜ਼ਿੰਦਗੀ 'ਤੇ ਵੀ ਪਵੇਗਾ। ਚੰਦਰਚੂੜ 10 ਨਵੰਬਰ ਨੂੰ ਚੀਫ਼ ਜਸਟਿਸ ਦੇ ਅਹੁਦੇ ਤੋਂ ਸੇਵਾਮੁਕਤ ਹੋ ਰਹੇ ਹਨ।

### ਐਲਐਮਵੀ ਲਾਇਸੈਂਸ ਧਾਰਕ ਕੇਸ

ਸੁਪਰੀਮ ਕੋਰਟ ਦੀ ਪੰਜ ਜੱਜਾਂ ਦੀ ਸੰਵਿਧਾਨਕ ਬੈਚ ਇਸ ਕਾਨੂੰਨੀ ਸਵਾਲ



'ਤੇ ਆਪਣਾ ਫੈਸਲਾ ਦੇਵੇਗੀ ਕਿ ਕੀ ਲਾਈਟ ਮੋਟਰ ਵਹੀਕਲ (ਐੱਲ.ਐੱਮ.ਵੀ.) ਲਾਇਸੈਂਸ ਰੱਖਣ ਵਾਲੇ ਡਰਾਈਵਰ ਨੂੰ 7,500 ਕਿਲੋਗ੍ਰਾਮ ਤੱਕ ਵਜ਼ਨ ਵਾਲੀ ਟਰਾਂਸਪੋਰਟ ਵਾਹਨ ਚਲਾਉਣ ਦਾ ਅਧਿਕਾਰ ਹੈ। ਸੀਜੇਆਈ ਦੀ ਅਗਵਾਈ ਵਾਲੀ ਬੈਚ ਨੇ 21 ਅਗਸਤ ਨੂੰ ਇਸ ਮੁੱਦੇ 'ਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਇਹ ਮਾਮਲਾ ਬਹੁਤ ਅਹਿਮ ਹੈ।

### ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਕੇਸ

ਚੀਫ਼ ਜਸਟਿਸ ਦੀ ਅਗਵਾਈ ਵਾਲੀ ਸੱਤ ਜੱਜਾਂ ਦੀ ਸੰਵਿਧਾਨਕ ਬੈਚ ਨੇ 1 ਫ਼ਰਵਰੀ 2024 ਨੂੰ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਨੂੰ ਘੱਟ ਗਿਣਤੀ ਸੰਸਥਾ ਦਾ ਦਰਜ਼ਾ ਦੇਣ ਨਾਲ ਸਬੰਧਤ ਮੁੱਦਿਆਂ 'ਤੇ ਆਪਣਾ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਸੰਵਿਧਾਨਕ ਬੈਚ ਇਸ ਕਾਨੂੰਨੀ ਸਵਾਲ 'ਤੇ ਆਪਣਾ ਫੈਸਲਾ ਦੇਵੇਗੀ ਕਿ ਕੀ ਏ.ਐਮ.ਯੂ ਨੂੰ ਸੰਵਿਧਾਨ ਦੀ ਧਾਰਾ 30 ਦੇ ਤਹਿਤ ਘੱਟ ਗਿਣਤੀ ਦਾ ਦਰਜਾ ਹੈ ਜਾਂ ਨਹੀਂ।

### ਮਦਰਸਾ ਕਾਨੂੰਨ ਦੀ ਮਨਜ਼ੂਰੀ ਦਾ ਮਾਮਲਾ

ਚੀਫ਼ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਵਿੱਚ 15 ਜੱਜਾਂ ਦੇ ਬੈਂਚ ਨੇ ਉੱਤਰ ਪ੍ਰਦੇਸ਼ ਮਦਰਸਾ ਐਕਟ ਦੀ ਮਨਜ਼ੂਰੀ ਨਾਲ ਜੁੜੇ ਮੁੱਦੇ 'ਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਬੈਂਚ ਨੇ ਇਲਾਹਾਬਾਦ ਹਾਈ ਕੋਰਟ ਦੇ ਉਸ ਫੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ, ਜਿਸ ਨੇ ਯੂਪੀ ਮਦਰਸਾ ਐਕਟ ਨੂੰ ਗੈਰ-ਸੰਵਿਧਾਨਕ ਕਰਾਰ ਦੇ ਕੇ ਰੱਦ ਕਰ ਦਿੱਤਾ ਸੀ

### ਜਾਇਦਾਦ ਦੀ ਵੰਡ ਦਾ ਮਾਮਲਾ

ਚੀਫ਼ ਜਸਟਿਸ ਦੀ ਅਗਵਾਈ ਵਾਲੀ 9 ਜੱਜਾਂ ਦੀ ਸੰਵਿਧਾਨਕ ਬੈਚ ਇਸ ਸੰਵਿਧਾਨਕ ਸਵਾਲ 'ਤੇ ਫੈਸਲਾ ਸੁਣਾਏਗੀ ਕਿ ਕੀ ਸਰਕਾਰ ਨੂੰ ਨਿੱਜੀ ਜਾਇਦਾਦ ਹਾਸਲ ਕਰਨ ਅਤੇ ਇਸ ਦੀ ਮੁੜ ਵੰਡ ਕਰਨ ਦਾ ਅਧਿਕਾਰ ਹੈ। ਸੰਵਿਧਾਨਕ ਬੈਚ ਨੇ ਧਾਰਾ 39 (ਬੀ) ਦੀਆਂ ਵਿਵਸਥਾਵਾਂ ਬਾਰੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਇਹ ਲੇਖ ਜਨਤਕ ਹਿੱਤ ਵਿੱਚ ਜਾਇਦਾਦ ਦੀ ਮੁੜ ਵੰਡ ਨਾਲ ਸੰਬੰਧਿਤ ਹੈ।

### ਭਰਤੀ ਪ੍ਰਕਿਰਿਆ ਤੋਂ ਬਾਅਦ ਨਿਯਮਾਂ ਵਿੱਚ ਤਬਦੀਲੀ ਦਾ ਮਾਮਲਾ

ਸੁਪਰੀਮ ਕੋਰਟ ਦੇ 5 ਜੱਜਾਂ ਦੀ ਸੰਵਿਧਾਨਕ ਬੈਂਚ ਇਸ ਕਾਨੂੰਨੀ ਸਵਾਲ 'ਤੇ ਆਪਣਾ ਫੈਸਲਾ ਦੇਵੇਗੀ ਕਿ ਕੀ ਭਰਤੀ ਪ੍ਰਕਿਰਿਆ ਸ਼ੁਰੂ ਹੋਣ ਤੋਂ ਬਾਅਦ ਨਿਯਮਾਂ ਅਤੇ ਸ਼ਰਤਾਂ ਨੂੰ ਬਦਲਿਆ ਜਾ ਸਕਦਾ ਹੈ? ਸੰਵਿਧਾਨਕ ਬੈਂਚ ਨੇ 23 ਜੁਲਾਈ ਨੂੰ ਇਸ ਮਾਮਲੇ ਵਿੱਚ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ।



# ਭਾਰਤ ਦੇ ਖੰਘ ਦੇ ਸਿਰਪ ਦੀ ਤਸ਼ਕਰੀ ਬੰਗਲਾਦੇਸ਼ ਵਿੱਚ : ਬੀ.ਐਸ.ਐਫ

## ਖੰਘ ਦੇ ਸਿਰਪ ਅਤੇ ਨਸ਼ਾ ਕਰਨ ਲਈ ਪੀ ਰਹੇ ਬੰਗਲਾਦੇਸ਼ੀ, ਕਾਬੂ ਕੀਤੇ ਤਸ਼ਕਰਾਂ ਨੇ ਕੀਤਾ ਖੁਲਾਸਾ

ਰੋਜ਼ਾਨਾ ਵਿਸ਼ਵ ਪੰਜਾਬੀ ਸਾਂਝ

ਨਵੀਂ ਦਿੱਲੀ, 3 ਨਵੰਬਰ (ਜਸਵਿੰਦਰ ਸਿੰਘ ਬਿੱਟਾ)- ਭਾਰਤ ਤੋਂ ਵੱਡੀ ਗਿਣਤੀ ਵਿੱਚ ਬੰਗਲਾਦੇਸ਼ ਦੇ ਲਈ ਖੰਘ ਦੇ ਸਿਰਪ ਦੀ ਤਸ਼ਕਰੀ ਕੀਤੀ ਜਾ ਰਹੀ ਹੈ। ਭਾਰਤ-ਬੰਗਲਾਦੇਸ਼ ਸਰਹੱਦ 'ਤੇ ਤਸ਼ਕਰੀ ਦੀ ਕੋਸ਼ਿਸ਼ ਕਰਦੇ ਫੜੇ ਗਏ ਤਸਕਰਾਂ ਨੇ ਬੀ.ਐੱਸ.ਐੱਫ. ਦੇ ਅਧਿਕਾਰੀਆਂ ਨੂੰ ਦੱਸਿਆ ਕਿ ਬੰਗਲਾਦੇਸ਼ 'ਚ ਵੱਖ-ਵੱਖ ਤਰੀਕਿਆਂ ਨਾਲ ਭਾਰਤੀ ਖੰਘ ਦੇ ਸਿਰਪ ਦੀ ਵਰਤੋਂ ਕੀਤੀ ਜਾ ਰਹੀ ਹੈ। ਇਹ ਨਾ ਸਿਰਫ ਖੰਘ ਨੂੰ ਠੀਕ ਕਰਨ ਲਈ ਹੈ, ਕੁਝ ਲੋਕ ਇਸ ਨੂੰ ਨਸ਼ਾ ਕਰਨ ਲਈ ਵੀ ਪੀ ਰਹੇ ਹਨ। ਇਸ ਕਾਰਨ ਭਾਰਤ ਤੋਂ ਪੱਛਮੀ ਬੰਗਾਲ ਰਾਹੀਂ ਬੰਗਲਾਦੇਸ਼ ਨੂੰ ਵੱਡੀ ਗਿਣਤੀ ਵਿੱਚ ਖੰਘ ਦੇ ਸਿਰਪ ਦੀ ਤਸ਼ਕਰੀ ਕੀਤੀ ਜਾ ਰਹੀ ਹੈ। ਹਾਲਾਤ ਇਹ ਹਨ ਕਿ ਸਿਰਫ਼ ਦੋ ਮਹੀਨਿਆਂ ਵਿੱਚ ਹੀ ਫ਼ੌਜੀਆਂ ਨੇ ਡੇਢ ਕਰੋੜ ਰੁਪਏ ਤੋਂ ਵੱਧ ਦੀ ਖੰਘ ਦੀ ਦਵਾਈ ਜਬਤ ਕੀਤੀ ਹੈ। ਜਦੋਂ ਕਿ ਜੋ ਨਹੀਂ ਫੜਿਆ ਗਿਆ, ਉਹ ਫੜੇ ਗਏ ਖੰਘ ਦੇ ਸਿਰਪ ਨਾਲੋਂ ਵੱਧ ਕੀਮਤੀ ਮੰਨਿਆ ਜਾਂਦਾ ਹੈ। 29 ਅਕਤੂਬਰ ਨੂੰ ਪੱਛਮੀ ਬੰਗਾਲ ਦੇ ਉੱਤਰੀ 24 ਪਰਗਨਾ ਅਤੇ ਮਾਲਦਾ ਜ਼ਿਲ੍ਹਿਆਂ ਦੇ ਅਧੀਨ ਭਾਰਤ-ਬੰਗਲਾਦੇਸ਼ ਸਰਹੱਦ 'ਤੇ ਤਾਇਨਾਤ ਬੀ.ਐੱਸ.ਐੱਫ.ਦੇ ਜਵਾਨਾਂ ਨੇ ਵੱਖ-ਵੱਖਕਾਰਵਾਈਆਂ 'ਚ ਤਿੰਨ ਹਜ਼ਾਰ ਤੋਂ ਵੱਧ ਖੰਘ ਦੇ ਸਿਰਪ ਦੀਆਂ ਬੋਤਲਾਂ ਜ਼ਬਤ ਕੀਤੀਆਂ ਹਨ। ਬੀ.ਐੱਸ.ਐੱਫ.ਦੱਖਣੀ ਬੰਗਾਲ ਫਰੰਟੀਅਰ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਭਾਰਤ-ਬੰਗਲਾਦੇਸ਼ ਸਰਹੱਦ ਪਾਰ ਤੋਂ ਵੱਡੀ ਮਾਤਰਾ 'ਚ ਨਸ਼ੀਲੇ ਪਦਾਰਥਾਂ ਦੀ ਤਸ਼ਕਰੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਬੰਗਲਾਦੇਸ਼ ਵਿੱਚ ਭਾਰਤੀ ਖੰਘ ਦੇ ਸਿਰਪ ਦੀ ਭਾਰੀ ਮੰਗ ਹੈ। ਕੁੱਝ ਦਿਨ ਪਹਿਲਾਂ ਮੁਰਸ਼ਿਦਾਬਾਦ ਜ਼ਿਲ੍ਹੇ ਵਿੱਚ ਬੀ.ਐਸ.ਐਫ ਨੇ ਮੁਰੂਤੀਆ ਪੁਲਿਸ ਦੇ ਨਾਲ ਮਿਲਕੇ ਖੰਘ ਦੇ ਸਿਰਪ ਦੀਆਂ 13 ਹਜ਼ਾਰ 602 ਬੋਤਲਾਂ ਜਬਤ ਕੀਤੀਆ ਸਨ। ਬੀ.ਐਸ.ਐਫ ਦੱਖਣੀ ਬੰਗਾਲ ਦੇ ਡੀਆਈਜੀ ਐਨ. ਕੇ. ਪਾਂਡੇ ਨੇ ਦੱਸਿਆ ਕਿ ਅਜਿਹੀ ਤਸਕਰੀ ਦੇ ਮੱਦੇਨਜ਼ਰ ਭਾਰਤ-ਬੰਗਲਾਦੇਸ਼ ਸਰਹੱਦ ਅਤੇ ਆਸ-ਪਾਸ ਦੇ ਇਲਾਕਿਆਂ 'ਤੇ ਨਿਗਰਾਨੀ ਵਧਾ ਦਿੱਤੀ ਗਈ ਹੈ। ਬੀ.ਐਸ.ਐਫ ਦੇ ਜਵਾਨ ਇਲਾਕੇ 'ਤੇ ਸਰਗਰਮੀ ਨਾਲ ਨਜ਼ਰ ਰੱਖ ਰਹੇ ਹਨ। ਸੈਨਿਕ ਦੇਸ਼ ਦੀਆਂ ਸਰਹੱਦਾਂ ਸੁਰੱਖਿਅਤ ਰਹਿਣ ਨੂੰ ਯਕੀਨੀ ਬਣਾ ਰਹੇ ਹਨ।



### ਮੈਡੀਕਲ ਸਟੋਰਾਂ 'ਤੇ ਵਧੀ ਮੰਗ ?

ਬੰਗਲਾਦੇਸ਼ ਵਿੱਚ ਤਸ਼ਕਰੀ ਦੇ ਕਾਰਨ, ਬੰਗਲਾਦੇਸ਼ ਦੀ ਸਰਹੱਦ ਨਾਲ ਲੱਗਦੇ ਭਾਰਤੀ ਖੇਤਰਾਂ ਵਿੱਚ ਮੈਡੀਕਲ ਸਟੋਰਾਂ ਵਿੱਚ ਖੰਘ ਦਾ ਸਿਰਪ ਆਮ ਤੌਰ 'ਤੇ ਲਗਭਗ ਸਟਾਕ ਤੋਂ ਬਾਹਰ ਰਹਿੰਦਾ ਹੈ। ਪੱਛਮੀ ਬੰਗਾਲ ਵਿੱਚ ਇਸ ਦੀ ਭਾਰੀ ਮੰਗ ਹੈ। ਤਸ਼ਕਰ ਵੀ ਮੈਡੀਕਲ ਸਟੋਰ ਮਾਲਕਾਂ ਅਤੇ ਸਪਲਾਇਰਾਂ ਨੂੰ ਇਸ ਦੀ ਐਮਆਰਪੀ ਤੋਂ ਵੱਧ ਕੀਮਤ ਅਦਾ ਕਰਦੇ ਹਨ। ਇਸ ਦੇ ਬਾਵਜੂਦ, ਬੰਗਲਾਦੇਸ਼ ਵਿੱਚ ਇਸਦੀ ਬਹੁਤ ਜ਼ਿਆਦਾ ਮੰਗ ਹੈ।

# ਕੈਨੇਡਾ ਦੇ ਸਿੱਖਾਂ ਨੂੰ ਪਾਕਿਸਤਾਨ ਵਿੱਚ ਮੁਫ਼ਤ ਮਿਲੇਗਾ ਵੀਜ਼ਾ

ਰੋਜ਼ਾਨਾ ਵਿਸ਼ਵ ਪੰਜਾਬੀ ਸਾਂਝ



ਇਸਲਾਮਾਬਾਦਾ, 3 ਨਵੰਬਰ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-ਪਾਕਿਸਤਾਨ ਦੇ ਗ੍ਰਹਿ ਮੰਤਰੀ ਮੋਹਸਿਨ ਨਕਵੀ ਨੇ ਕਿਹਾ ਹੈ ਕਿ ਅਮਰੀਕਾ, ਬ੍ਰਿਟੇਨ ਅਤੇ ਕੈਨੇਡਾ ਤੋਂ ਆਉਣ ਵਾਲੇ ਸਿੱਖ ਸ਼ਰਧਾਲੂਆਂ ਨੂੰ 30 ਮਿੰਟਾਂ ਦੇ ਅੰਦਰ ਮੁਫਤ ਆਨਲਾਈਨ ਵੀਜ਼ਾ ਦਿੱਤਾ ਜਾਵੇਗਾ। ਨਕਵੀ ਦੀ ਇਹ ਟਿੱਪਣੀ ਵੀਰਵਾਰ ਨੂੰ ਲਾਹੌਰ ਵਿੱਚ ਸਿੱਖ ਸ਼ਰਧਾਲੂਆਂ ਦੇ 44 ਮੈਂਬਰੀ ਵਿਦੇਸ਼ੀ ਪ੍ਰਤੀਨਿਧੀਮੰਡਲ ਨਾਲ ਮੁਲਾਕਾਤ ਦੇ ਬਾਅਦ ਸਾਹਮਣੇ ਆਈ ਹੈ। ਉਨ੍ਹਾਂ ਮੰਨਿਆ ਕਿ ਪਿਛਲੇ ਸਮੇਂ ਵਿੱਚ ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨ ਜਾਣ ਸਮੇਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਸੀ। ਉਨ੍ਹਾਂ ਕਿਹਾ ਕਿ ਇਹ ਸਹੂਲਤ ਇਨ੍ਹਾਂ ਦੇਸ਼ਾਂ ਵਿੱਚ ਰਹਿੰਦੇ ਭਾਰਤੀ ਮੂਲ ਦੇ ਸਿੱਖਾਂ ਨੂੰ ਵੀ ਮਿਲੇਗੀ। ਪਾਕਿਸਤਾਨ ਵਿੱਚ ਕਈ ਸਿੱਖ ਵਿਰਾਸਤੀ ਸਥਾਨਾਂ ਨੂੰ ਦਰਸ਼ਨਾਂ ਲਈ ਖੋਲ੍ਹਿਆ ਜਾਵੇਗਾ।

### ਨਾਗਰਿਕਾਂ 'ਤੇ ਹਮਲਾ ਮਨਜ਼ੂਰ ਨਹੀਂ: ਚੀਨ

ਚੀਨ ਨੇ ਕਿਹਾ ਹੈ ਕਿ ਪਾਕਿਸਤਾਨ 'ਚ ਉਸ ਦੇ ਨਾਗਰਿਕਾਂ 'ਤੇ ਹਮਲੇ ਮਨਜ਼ੂਰ ਨਹੀਂ ਹਨ। ਚੀਨੀ ਰਾਜਦੂਤ ਜਿਆਂਗ ਜ਼ੇਦੋਂਗ ਨੇ ਸੱਤ ਚੀਨੀ ਨਾਗਰਿਕਾਂ ਦੀ ਮੌਤ ਦਾ ਵੀ ਜ਼ਿਕਰ ਕੀਤਾ।




# ਸੰਸਦ ਦਾ ਸਰਦ ਰੁੱਤ ਸੈਸ਼ਨ 25 ਤੋਂ, ਵਕਫ਼ ਅਤੇ ਵਨ ਨੇਸ਼ਨ ਵਨ ਇਲੈਕਸ਼ਨ ਬਿੱਲ ਹੋਵੇਗਾ ਪੇਸ਼

ਰੋਜ਼ਾਨਾ ਵਿਸ਼ਵ ਪੰਜਾਬੀ ਸਾਂਝ



ਨਵੀਂ ਦਿੱਲੀ, 3 ਨਵੰਬਰ (ਜਸਵਿੰਦਰ ਸਿੰਘ ਬਿੱਟਾ)- ਸੰਸਦ ਦਾ ਸਰਦ ਰੁੱਤ ਸੈਸ਼ਨ 25 ਨਵੰਬਰ ਤੋਂ 20 ਦਸੰਬਰ ਤੱਕ ਚੱਲੇਗਾ। ਇਸ ਦੌਰਾਨ ਸਰਕਾਰ ਨੇ ਸੰਵਿਧਾਨ ਦਿਵਸ 'ਤੇ ਪੁਰਾਣੇ ਸੰਸਦ ਭਵਨ ਦੇ ਕੇਂਦਰੀ ਹਾਲ 'ਚ ਵਿਸ਼ੇਸ਼ ਸਾਂਝੀ ਮੀਟਿੰਗ ਬੁਲਾਉਣ ਦੀ ਯੋਜਨਾ ਬਣਾਈ ਹੈ, ਜਿਸ ਨੂੰ ਸੰਵਿਧਾਨ ਸਦਨ ਦਾ ਨਾਂ ਦਿੱਤਾ ਗਿਆ ਹੈ। ਇਜਲਾਸ ਦੌਰਾਨ ਵਕਫ਼ ਬਿੱਲ ਅਤੇ ਵਨ ਨੇਸ਼ਨ-ਵਨ ਇਲੈਕਸ਼ਨ ਬਿੱਲ ਨੂੰ ਲੈ ਕੇ ਬਹੁ ਚਰਚਿਤ ਬਿੱਲ ਪੇਸ਼ ਕੀਤੇ ਜਾਣਗੇ। ਦੋਵਾਂ ਬਿੱਲਾਂ 'ਤੇ ਵਿਰੋਧੀ ਧਿਰ ਦੇ ਤਿੱਖੇ ਰੁਖ ਕਾਰਨ ਸੈਸ਼ਨ 'ਚ ਹੰਗਾਮਾ ਹੋਣ ਦੀ ਉਮੀਦ ਹੈ। ਸਰਕਾਰੀ ਸੂਤਰਾਂ ਅਨੁਸਾਰ ਸੰਵਿਧਾਨ ਦੀ 75ਵੀਂ ਵਰ੍ਹੇਗੰਢ ਮੌਕੇ 26 ਨਵੰਬਰ ਨੂੰ ਪੁਰਾਣੇ ਸੰਸਦ ਭਵਨ ਦੇ ਸੈਂਟਰਲ ਹਾਲ ਵਿੱਚ ਇੱਕ ਵਿਸ਼ੇਸ਼ ਸਾਂਝੀ ਮੀਟਿੰਗ ਦਾ ਆਯੋਜਨ ਕੀਤਾ ਜਾਵੇਗਾ, ਜਿਸ ਵਿੱਚ ਸੰਵਿਧਾਨ ਦੀ ਮਹੱਤਤਾ ਨੂੰ ਰੇਖਾਂਕਿਤ ਕਰਨ ਲਈ ਸਰਕਾਰ ਨੇ ਵਿਆਪਕ ਯੋਜਨਾ ਬਣਾਈ ਹੈ। ਇਸ ਤਹਿਤ ਕਈ ਮਿਊਰਲ ਬਣਾਉਣਾ, ਸੰਵਿਧਾਨ ਸਭਾ ਦੀਆਂ ਬਹਿਸਾਂ ਦਾ ਦੋ ਦਰਜਨ ਦੇ ਕਰੀਬ ਭਾਸ਼ਾਵਾਂ ਵਿੱਚ ਅਨੁਵਾਦ ਅਤੇ ਜਨਤਕ ਮਾਰਚਾਂ ਦਾ ਆਯੋਜਨ ਕਰਨ ਵਰਗੇ ਪ੍ਰੋਗਰਾਮ ਸ਼ਾਮਲ ਹਨ। ਇਹ ਸਮਾਗਮ ਅਜਿਹੇ ਸਮੇਂ ਵਿੱਚ ਹੋਣ ਜਾ ਰਿਹਾ ਹੈ ਜਦੋਂ ਸਰਕਾਰ ਅਤੇ ਵਿਰੋਧੀ ਧਿਰ ਵਿੱਚ ਸੰਵਿਧਾਨ ਦੇ ਰਾਖੇ ਬਣਨ ਅਤੇ ਇੱਕ ਦੂਜੇ ਨੂੰ ਸੰਵਿਧਾਨ ਵਿਰੋਧੀ ਸਾਬਤ ਕਰਨ ਦਾ ਮੁਕਾਬਲਾ ਚੱਲ ਰਿਹਾ ਹੈ । ਸੂਤਰਾਂ ਮੁਤਾਬਕ ਸੈਸ਼ਨ ਦੌਰਾਨ ਕਈ ਬਿੱਲ ਪੇਸ਼ ਕੀਤੇ ਜਾਣਗੇ ਪਰ ਸਾਰਿਆਂ ਦੀਆਂ ਨਜ਼ਰਾਂ ਵਕਫ਼ ਬਿੱਲ ਅਤੇ ਵਨ ਨੇਸ਼ਨ ਵਨ ਇਲੈਕਸ਼ਨ ਬਿੱਲ 'ਤੇ ਹੋਣਗੀਆਂ। ਵਕਫ਼ ਬਿੱਲ 'ਤੇ ਸਰਕਾਰ ਅਤੇ ਵਿਰੋਧੀ ਧਿਰ ਵਿਚਾਲੇ ਚੱਲ ਰਹੀ ਖਿੱਚੋਤਾਣ ਦਰਮਿਆਨ ਸਾਂਝੀ ਸੰਸਦੀ ਕਮੇਟੀ ਰਿਪੋਰਟ ਤਿਆਰ ਕਰਨ 'ਚ ਲੱਗੀ ਹੋਈ ਹੈ। ਦੂਜੇ ਪਾਸੇ ਇਕ ਦੇਸ਼ ਇਕ ਚੋਣ ਦੇ ਪ੍ਰਸਤਾਵ ਨੂੰ ਕੇਂਦਰੀ ਮੰਤਰੀ ਮੰਡਲ ਦੀ ਮਨਜ਼ੂਰੀ ਮਿਲ ਗਈ ਹੈ। ਵਿਰੋਧੀ ਧਿਰ ਦੋਵਾਂ ਬਿੱਲਾਂ ਦਾ ਲਗਾਤਾਰ ਵਿਰੋਧ ਕਰ ਰਹੀ ਹੈ।

### ਚੀਨ ਨਾਲ ਸਮਝੌਤੇ 'ਤੇ ਵਿਦੇਸ਼ ਮੰਤਰੀ ਦੇਣਗੇ ਬਿਆਨ

ਵਾਸਤਵਿਕ ਕੰਟਰੋਲ ਰੇਖਾ 'ਤੇ ਕਰੀਬ ਚਾਰ ਸਾਲਾਂ ਤੋਂ ਚੱਲ ਰਹੇ ਤਣਾਅ ਦਰਮਿਆਨ ਚੀਨ ਨਾਲ ਹੋਏ ਸਮਝੌਤੇ 'ਤੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਲਗਭਗ ਸੰਸਦ ਦੇ ਦੋਵਾਂ ਸਦਨਾਂ 'ਚ ਬਿਆਨ ਦੇਣਗੇ। ਜ਼ਿਕਰਯੋਗ ਹੈ ਕਿ ਲੰਬੇ ਸਮੇਂ ਤੋਂ ਚੱਲ ਰਹੇ ਅੜਿੱਕੇ ਕਾਰਨ ਦੋਵਾਂ ਦੇਸ਼ਾਂ ਦੀਆਂ ਫੌਜਾਂ ਨੇ ਰੇਖਾ 'ਤੇ ਗਸ਼ਤ ਸ਼ੁਰੂ ਕਰ ਦਿੱਤੀ ਹੈ, ਇਸ ਤੋਂ ਇਲਾਵਾ ਇਸੇ ਸੈਸ਼ਨ 'ਚ ਜੰਮੂ-ਕਸ਼ਮੀਰ ਨੂੰ ਪੂਰਨ ਰਾਜ ਦਾ ਦਰਜਾ ਦੇਣ ਸਬੰਧੀ ਬਿੱਲ ਵੀ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ।

ਜ਼ਰੂਰੀ ਸੂਚਨਾਂ

ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਪਣਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਹੈ,ਜਿਸ ਦਾ ਨਾਮ 'ਵਿਸਵ ਪੰਜਾਬੀ ਸਾਂਝ'ਰੱਖਿਆ ਗਿਆ ਹੈ। ਤੁਸੀ ਆਪਣੀਆਂ ਰਚਨਾਵਾਂ/ਕਹਾਣੀ/ ਲੇਖ ਜਾਂ ਸਾਹਿਤਕ ਕਿਰਤ ਛੱਪਣ ਲਈ ਭੇਜ ਸਕਦੇ ਹੋ।

ਲਿਖਤਾਂ ਭੇਜਣ ਲਈ ਈਮੇਲ ਪਤਾ
vishavPunjabisanjh@gmail.com

ਲੇਖਕ ਆਪਣਾ ਨਾਮ ਫੋਨ ਨੰਬਰ ਅਤੇ ਫੋਟੋ ਵੀ ਜਰੂਰ ਭੇਜਣ ਦੀ ਕ੍ਰਿਪਾਲਤਾ ਕਰੋਂ

ਨੋਟ : ਅਖ਼ਬਾਰ ਵਿੱਚ ਭੇਜੀਆ ਰਚਨਾਵਾਂ ਜਾਂ ਸਮੱਗਰੀ ਸਾਹਿਤਕ ਅਤੇ ਸੱਭਿਅਕ ਹੋਵੇ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ।

ਅਖ਼ਬਾਰ ਵਿੱਚ ਸ਼ਾਮਿਲ ਲਿਖਤਾਂ ਤੇ ਵਿਚਾਰਾਂ ਲਈ ਲੇਖਕ ਖੁਦ ਜਿੰਮੇਵਾਰ ਹੈ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ



# BRAMPTON CASH AND CARRY

| | |
|---|---|
| WHOLESALER | IMPORTER |
| DISTRIBUTOR | RETAILER |

**Wholesaler, Importer, Distributor & Retailer of Restaurants Supply**








BRAMPTON
CASH & CARRY

Brampton CashandCarry2023@gmail.com

905-230-4800

100 Kennedy Road S., Brampton, ON L6W 3E7


AAPKI PASAND AAPKA SWAAD
DURUM CHAKKI
ATTA
Aapki
PASAND
AAPKA SWAAD
आटा
ਆਟਾ
Indian Style
DURUM
CHAKKI
ATTA
FARINE DE BLÉ
WHOLE WHEAT 100% BLÉ ENTIER
6HR
WEIGHT
20LB
PRICE
$9.99
6HR
SOFTNESS
BEST FOR ROLLS, PARANTHAS. POORIS & HOTBREADS
Contact us
905-230-4800 | 416-700-9100
100 KENNEDY ROAD S., BRAMPTON ON L6W 3E7, CANADA

ROYAL SHIELD GROUP

# SUPER VISA INSURANCE

## EMERGENCY MEDICAL INSURANCE FOR

- STUDENTS
- WORK PERMIT HOLDERS
- VISITORS

## TEHAL SINGH BRAR

**INSURANCE ADVISOR**

**905-782-2013**

**SAHAS BRAR**

**416-660-6151**








## CHILD PLAN

**Do you want to give a Life Time Gift to your Child? Call Now to set up this plan!**

- A MAGICAL POLICY
- 20 Years To Pay!